   

# ਈ-ਨਿਲਾਮੀ

# ਦਫ਼ਤਰ ਨਗਰ ਸੁਧਾਰ ਟਰੱਸਟ, ਮੋਗਾ

ਨਗਰ ਸੁਧਾਰ ਟਰੱਸਟ, ਮੋਗਾ ਵੱਲੋਂ ਆਪਣੀਆਂ ਸਕੀਮਾਂ ਵਿੱਚ ਵੱਖ-ਵੱਖ ਪਾਰਕਿੰਗਾਂ ਨੂੰ ਠੇਕੇ ਤੇ ਦੇਣ ਸਬੰਧੀ ਈ-ਆਕਸ਼ਨ ਪ੍ਰਣਾਲੀ ਰਾਹੀਂ ਪਾਰਕਿੰਗਾਂ ਨੂੰ ਠੇਕੇ ਤੇ ਦੇਣ ਸਬੰਧੀ ਬੋਲੀ ਕੀਤੀ ਜਾ ਰਹੀ ਹੈ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਬੋਲੀਕਾਰ ਲਈ ਰਜਿਸਟਰੇਸ਼ਨ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ:- | ਮਿਤੀ 16-07-2026 ਸਮਾਂ ਸਵੇਰੇ 09:00 ਵਜੇ ਤੋਂ |
| ਬੋਲੀਕਾਰ ਲਈ ਰਜਿਸਟਰੇਸ਼ਨ ਬੰਦ ਹੋਣ ਦੀ ਮਿਤੀ ਅਤੇ ਸਮਾਂ:- | ਮਿਤੀ 15-08-2026 ਸਮਾਂ ਸ਼ਾਮ 05:00 ਵਜੇ ਤੱਕ |
| ਆਨਲਾਈਨ-ਬੋਲੀ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ:- | ਮਿਤੀ 17-08-2026 ਸਮਾਂ ਸਵੇਰੇ 09:00 ਵਜੇ ਤੋਂ |
| ਆਨਲਾਈਨ-ਬੋਲੀ ਬੰਦ ਹੋਣ ਦੀ ਮਿਤੀ ਅਤੇ ਸਮਾਂ:- | ਮਿਤੀ 19-08-2026 ਸਮਾਂ ਸ਼ਾਮ 05:00 ਵਜੇ ਤੱਕ |
| **ਈ-ਨਿਲਾਮੀ ਪੋਰਟਲ:-** www.tenderwizard.com/DLGP | |

## ਵੇਚਣਯੋਗ ਜਾਇਦਾਦਾ:-

| ਲੜੀ ਨੰ. | ਜਾਇਦਾਦ ਦੀ ਕਿਸਮ | ਰਾਖਵੀਂ ਕੀਮਤ | ਠੇਕੇ ਤੇ/ਕਿਰਾਏ ਤੇ ਦੇਣ ਸਬੰਧੀ ਸਮਾਂ | ਜਮਾਨਤੀ ਰਕਮ (ਰੁ: ਵਿੱਚ) (ਰੁਪਏ ਵਿੱਚ) |
|---|---|---|---|---|
| 1. | ਸੂਬੇਦਾਰ ਜੋਗਿੰਦਰ ਸਿੰਘ ਕੰਪਲੈਕਸ ਦੀ ਬੇਸਮੈਂਟ ਵਿੱਚ ਬਣੀ ਪਾਰਕਿੰਗ | 60,000/- ਪ੍ਰਤੀ ਮਹੀਨਾ | 31 ਮਾਰਚ 2027 ਤੱਕ | 36,000/- |
| 2. | ਰਾਜੀਵ ਗਾਂਧੀ ਸ਼ਾਪਿੰਗ ਕੰਪਲੈਕਸ ਵਿੱਚ ਬਣੀ ਪਾਰਕਿੰਗ | 21,000/- ਪ੍ਰਤੀ ਮਹੀਨਾ | 31 ਮਾਰਚ 2027 ਤੱਕ | 13,000/- |

ਨੋਟ:- ਨਿਲਾਮੀ ਸਬੰਧੀ ਸ਼ਰਤਾ ਦੀ ਡਿਟੇਲ ਦਫ਼ਤਰੀ ਨੋਟਿਸ ਬੋਰਡ ਤੇ ਕੰਮ-ਕਾਜ ਵਾਲੇ ਸਮੇਂ ਦੌਰਾਨ ਅਤੇ ਟਰੱਸਟ ਦੀ ਵੈਬਸਾਈਟ https://www.mogaimprovementtrust.org/ ਟਰੱਸਟ ਦੇ ਫੋਨ ਨੰਬਰ 01636-239779 ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਨਿਯਮ ਅਤੇ ਸ਼ਰਤਾਂ (ਵਿਕਰੀ ਅਧੀਨ ਸਾਰੀਆਂ ਜਾਇਦਾਦਾਂ)

1. ਸਾਰੀਆਂ ਪਾਰਕਿੰਗਾਂ ਆਨਲਾਈਨ ਬੋਲੀ ਰਾਹੀਂ ਕਿਰਾਏ ਤੇ ਦਿੱਤੀਆਂ ਜਾ ਰਹੀਆਂ ਹਨ।
2. ਆਨਲਾਈਨ ਬੋਲੀ ਦਾ ਸਮਾਂ ਮਿਤੀ 17-08-2026 ਨੂੰ ਸਵੇਰੇ 09.00 ਵਜੇ ਤੋਂ ਮਿਤੀ 19-08-2026 ਸ਼ਾਮ 5.00 ਵਜੇ ਤੱਕ ਹੈ। ਜੇਕਰ ਕੋਈ ਵੀ ਬੋਲੀਕਾਰ ਮਿਤੀ 19-08-2026 ਨੂੰ ਸ਼ਾਮ 5.00 ਵਜੇ ਤੇ ਵੀ ਵੱਧੀ ਹੋਈ ਬੋਲੀ ਦਿੰਦਾ ਹੈ ਤਾਂ ਬੋਲੀ ਦੀ ਮਿਆਦ 10 ਮਿੰਟਾਂ ਲਈ ਆਪਣੇ ਆਪ ਵੱਧ ਜਾਵੇਗੀ। 10 ਮਿੰਟ ਬੋਲੀ ਦਾ ਸਮਾਂ ਵੱਧਣ ਦੀ ਪ੍ਰੀਕ੍ਰਿਆ ਉਦੋਂ ਤੱਕ ਚੱਲਦੀ ਰਹੇਗੀ ਜਦੋਂ ਤੱਕ ਵੱਧੇ ਹੋਏ 10 ਮਿੰਟ ਵਿੱਚ ਕਿਸੇ ਹੋਰ ਬੋਲੀਕਾਰ ਵਲੋਂ ਵੱਧੀ ਬੋਲੀ ਨਾ ਆਵੇ।
3. ਹਰੇਕ ਬੋਲੀਕਾਰ ਹਰੇਕ ਪਾਰਕਿੰਗ ਲਈ ਬਣਦੀ ਬਿਆਨਾ ਰਕਮ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਈ-ਆਕਸ਼ਨ ਪੋਰਟਲ ਰਾਹੀਂ ਜਮ੍ਹਾਂ ਕਰਵਾਏਗਾ। ਜਿਹੜੀ ਕਿ ਬੋਲੀ ਤੋਂ ਬਾਅਦ ਐਡਜਸਟ ਕਰ ਲਈ ਜਾਵੇਗੀ/ਆਨਲਾਈਨ ਰੀਫੰਡ ਹੋਣ ਯੋਗ ਹੋਵੇਗੀ। ਹਰੇਕ ਪਾਰਕਿੰਗ ਲਈ ਵੱਖਰੀ ਬਿਆਨਾ ਰਕਮ ਜਮ੍ਹਾਂ ਕਰਾਉਣੀ ਹੋਵੇਗੀ।
4. ਕੁੱਲ ਬੋਲੀ ਦੀ ਰਕਮ ਦਾ 25% (5% ਬਿਆਨਾ ਰਕਮ ਐਡਜਸਟ ਕਰਨ ਉਪਰੰਤ) ਅਲਾਟਮੈਂਟ ਦੀ ਮਿਤੀ ਤੋਂ 45 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਯੋਗ ਹੋਵੇਗਾ। ਜੇਕਰ ਉਕਤ ਰਕਮ ਅਲਾਟਮੈਂਟ ਦੀ ਮਿਤੀ ਤੋਂ 45 ਦਿਨਾਂ ਦੇ ਅੰਦਰ ਜਮ੍ਹਾ ਨਹੀਂ ਕਰਵਾਈ ਜਾਂਦੀ ਤਾਂ ਅਲਾਟਮੈਂਟ ਕੈਂਸਲ ਸਮਝੀ ਜਾਵੇਗੀ ਅਤੇ ਪਹਿਲਾਂ ਜਮ੍ਹਾ ਕਰਵਾਈ ਰਕਮ ਜਬਤ ਸਮਝੀ ਜਾਵੇਗੀ।
5. ਬਕਾਇਆ 75% ਰਕਮ ਬੋਲੀਕਾਰ ਮਹੀਨਾਵਾਰ ਕਿਸ਼ਤਾਂ ਵਿੱਚ ਜਮ੍ਹਾਂ ਕਰਵਾਏਗਾ। ਜੇਕਰ ਕਿਸ਼ਤਾਂ ਮਿੱਥੇ ਸਮੇਂ ਦੇ ਅੰਦਰ-ਅੰਦਰ ਜਮ੍ਹਾਂ ਨਹੀਂ ਹੁੰਦੀਆਂ, ਤਾਂ 12% ਵਿਆਜ ਨਾਲ ਕਿਸ਼ਤ ਵਸੂਲ ਕੀਤੀ ਜਾਵੇਗੀ। ਜੇਕਰ ਬੋਲੀਕਾਰ ਕਿਸ਼ਤ ਦਾ ਸਮਾਂ ਬੀਤ ਜਾਣ ਦੇ ਬਾਵਜੂਦ 7 ਦਿਨਾਂ ਵਿੱਚ ਸਮੇਤ ਵਿਆਜ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਚੇਅਰਮੈਨ ਸਾਹਿਬ ਪਾਸ ਪਾਰਕਿੰਗ ਦਾ ਠੇਕਾ ਰੱਦ ਕਰਨ ਦਾ ਅਧਿਕਾਰ ਹੋਵੇਗਾ।
6. ਉੱਚੀ ਬੋਲੀ ਦੀ ਰਕਮ ਤੋਂ ਇਲਾਵਾ ਸਰਕਾਰ ਦੇ ਨਿਯਮਾਂ ਅਨੁਸਾਰ ਜੀ.ਐਸ.ਟੀ., ਇਨਕਮ ਟੈਕਸ, ਸਰਵਿਸ ਟੈਕਸ, ਬਣਦਾ ਸਰਚਾਰਜ ਆਦਿ ਜੇਕਰ ਹੋਵੇਗਾ ਤਾਂ ਵੱਖਰੇ ਤੌਰ ਤੇ ਸਬੰਧਿਤ ਵਿਭਾਗ ਪਾਸ ਬੋਲੀਕਾਰ ਵੱਲੋਂ ਜਮ੍ਹਾਂ ਕਰਵਾਉਣਾ ਹੋਵੇਗਾ।
7. ਸਫਲ ਬੋਲੀਕਾਰ ਵੱਲੋਂ ਟਰੱਕ ਦਾ ਕਿਰਾਇਆ 50/- ਰੁਪਏ, ਕਾਰ ਦਾ ਕਿਰਾਇਆ 20/- ਰੁਪਏ, ਮੋਟਰਸਾਈਕਲ/ਸਕੂਟਰ ਦਾ ਕਿਰਾਇਆ 10/- ਰੁਪਏ ਅਤੇ ਸਾਈਕਲ ਦਾ ਕਿਰਾਇਆ 5/- ਰੁਪਏ ਦੇ ਹਿਸਾਬ ਨਾਲ ਅੱਠ ਘੰਟੇ ਦੇ ਸਮੇਂ ਵਾਸਤੇ ਵਸੂਲ ਕੀਤਾ ਜਾਵੇਗਾ।
8. ਸੂਬੇਦਾਰ ਜੋਗਿੰਦਰ ਸਿੰਘ ਕੰਪਲੈਕਸ ਵਿੱਚ ਬਣੀ ਬੇਸਮੈਂਟ ਪਾਰਕਿੰਗ 24X7 ਸਮੇਂ ਲਈ ਖੁੱਲ੍ਹੀ ਰਹੇਗੀ।
9. ਕਿਰਾਏ ਦੇ ਰੇਟਾਂ ਨੂੰ ਦਰਸਾਉਂਦਾ ਹੋਇਆ 4'X4' ਫੁੱਟ ਦਾ ਬੋਰਡ ਬਾਹਰ ਸਕੀਮ ਦੇ ਮੇਨ ਗੇਟ ਤੇ ਸਫਲ ਬੋਲੀਕਾਰ ਵੱਲੋਂ ਲਗਾਉਣਾ ਹੋਵੇਗਾ।
10. ਸਫਲ ਬੋਲੀਕਾਰ ਟਰੱਸਟ ਦੇ ਕਿਸੇ ਅਧਿਕਾਰੀਆਂ/ਕਰਮਚਾਰੀਆਂ ਪਾਸੋਂ ਕਿਰਾਇਆ ਵਸੂਲ ਨਹੀਂ ਕਰੇਗਾ।
11. ਸਫਲ ਬੋਲੀਕਾਰ ਵੱਲੋਂ ਟਰੱਸਟ ਨਾਲ 500/-ਰੁਪਏ ਦੇ ਅਸ਼ਟਾਮ ਪੇਪਰ ਤੇ ਇਕਰਾਰਨਾਮਾ ਕੀਤਾ ਜਾਵੇਗਾ ਅਤੇ ਇਕਰਾਰਨਾਮਾ ਕੀਤੇ ਜਾਣ ਤੇ ਹੀ ਕਬਜਾ ਦਿੱਤਾ ਜਾਵੇਗਾ।
12. ਪਾਰਕਿੰਗ ਵਿੱਚ ਬਿਜਲੀ, ਪਾਣੀ ਦਾ ਪ੍ਰਬੰਧ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਹੀ ਕੀਤਾ ਜਾਵੇਗਾ।
13. ਇਹ ਠੇਕਾ ਜਿਵੇਂ ਹੈ ਜਿੱਥੇ ਹੈ ਦੇ ਆਧਾਰ ਤੇ ਹੋਵੇਗਾ। ਜਿਵੇਂ ਕਿ ਨਕਸ਼ੇ ਵਿੱਚ ਦਰਸਾਇਆ ਗਿਆ ਹੈ, ਇਸ ਤੋਂ ਬਾਹਰ ਪਾਰਕਿੰਗ ਦੀ ਆਗਿਆ ਨਹੀਂ ਹੋਵੇਗੀ। ਜੇਕਰ ਠੇਕੇਦਾਰ ਵੱਲੋਂ ਕੋਈ ਵੀ ਵਹੀਕਲ ਪਾਰਕਿੰਗ ਤੋਂ ਬਾਹਰ ਲਗਵਾਇਆ ਜਾਂਦਾ ਹੈ ਤਾਂ ਚੇਅਰਮੈਨ ਜੀ ਪਾਸ ਠੇਕਾ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
14. ਪਾਰਕਿੰਗ ਵਿੱਚ ਬਿਜਲੀ, ਪਾਣੀ, ਸੀਵਰੇਜ, ਸਾਫ-ਸਫਾਈ ਅਤੇ ਟੈਲੀਫੋਨ ਆਦਿ ਦੇ ਬਿੱਲ ਦੀ ਅਦਾਇਗੀ ਠੇਕੇਦਾਰ ਵੱਲੋਂ ਕੀਤੀ ਜਾਵੇਗੀ।
15. ਪਾਰਕਿੰਗ ਵਿੱਚ ਟੁੱਟ-ਭੱਜ ਜਾਂ ਕੋਈ ਹੋਰ ਨੁਕਸਾਨ ਹੋਣ ਦੀ ਸੂਰਤ ਵਿੱਚ ਇਸ ਦਾ ਹਰਜਾਨਾ ਠੇਕੇਦਾਰ ਪਾਸੋਂ ਵਸੂਲ ਕੀਤਾ ਜਾਵੇਗਾ।
16. ਪਾਰਕਿੰਗ ਜਿਸ ਮੰਤਵ ਲਈ ਦਿੱਤੀ ਜਾਵੇਗੀ ਉਸੇ ਮੰਤਵ ਲਈ ਹੀ ਵਰਤੀ ਜਾਣੀ ਚਾਹੀਦੀ ਹੈ।
17. ਪਾਰਕਿੰਗ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸਦੀ ਨਿੱਜੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
18. ਪਾਰਕਿੰਗ ਵਾਲੀ ਜਗ੍ਹਾ ਜਾਂ ਇਸਦੇ ਕਿਸੇ ਹਿੱਸੇ ਨੂੰ ਸਬਲਿਟ ਕਰਨ ਦਾ ਕੋਈ ਅਧਿਕਾਰ ਠੇਕਾਦਾਰ ਪਾਸ ਨਹੀਂ ਹੋਵੇਗਾ।
19. ਚੇਅਰਮੈਨ ਸਾਹਿਬ ਜਾਂ ਹੋਰ ਅਧਿਕਾਰੀਆਂ ਨੂੰ ਸਾਰੀਆਂ ਸਕੀਮਾਂ ਦੀਆਂ ਪਾਰਕਿੰਗਾਂ ਦਾ ਮੁਆਇਨਾ ਬਗੈਰ ਕੋਈ ਸੂਚਨਾ ਦਿੱਤੇ ਕਿਸੇ ਸਮੇਂ ਵੀ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
20. ਚੇਅਰਮੈਨ, ਨਗਰ ਸੁਧਾਰ ਟਰੱਸਟ, ਮੋਗਾ ਪਾਸ ਠੇਕੇਦਾਰ ਨਾਲ ਕੀਤਾ ਗਿਆ ਇਕਰਾਰਨਾਮਾ ਕਿਸੇ ਵੀ ਸਮੇਂ ਕੈਂਸਲ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ। ਇਸ ਸਬੰਧੀ ਠੇਕੇਦਾਰ ਨੂੰ ਕੋਈ ਵੀ ਇਤਰਾਜ ਨਹੀਂ ਹੋਵੇਗਾ।
21. ਜੇਕਰ ਨਿਰਧਾਰਿਤ ਸਮੇਂ ਤੋਂ ਬਾਅਦ ਪਾਰਕਿੰਗ ਦਾ ਕਬਜ਼ਾ ਠੇਕੇਦਾਰ ਟਰੱਸਟ ਨੂੰ ਨਹੀਂ ਦਿੰਦਾ ਤਾਂ ਉਸ ਪਾਸੋਂ ਜਮ੍ਹਾਂ ਕਰਵਾਈ ਬਿਆਨਾ ਰਕਮ ਦੁੱਗਨੀ ਵਸੂਲ ਕੀਤੀ ਜਾਵੇਗੀ ਅਤੇ ਉਸਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
22. ਪਾਰਕਿੰਗ ਵਾਲੀ ਜਗ੍ਹਾ ਦਾ ਇਕਰਾਰਨਾਮਾ ਚੇਅਰਮੈਨ ਦੀ ਪ੍ਰਵਾਨਗੀ ਤੋਂ ਬਾਅਦ ਮੰਨਿਆ ਜਾਵੇਗਾ, ਇਸਦਾ ਕਬਜ਼ਾ ਚੇਅਰਮੈਨ ਦੀ ਪ੍ਰਵਾਨਗੀ ਤੋਂ ਬਾਅਦ ਦਿੱਤਾ ਜਾਵੇਗਾ।
23. ਸਰਕਾਰ/ਚੇਅਰਮੈਨ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਦੀ ਪਾਲਣਾ ਠੇਕੇਦਾਰ ਵੱਲੋਂ ਕਰਨੀ ਯਕੀਨੀ ਬਣਾਈ ਜਾਵੇਗੀ।

(ਹਰਪ੍ਰੀਤ ਸਿੰਘ ਸੰਧੂ)
ਕਾਰਜ ਸਾਧਕ ਅਫ਼ਸਰ,
ਨਗਰ ਸੁਧਾਰ ਟਰੱਸਟ,
ਮੋਗਾ

(ਰਮਨ ਮਿੱਤਲ)
ਚੇਅਰਮੈਨ
ਨਗਰ ਸੁਧਾਰ ਟਰੱਸਟ,
ਮੋਗਾ